# ਸੰਪਾਦਕ ਦੀ ਕਲਮ ਤੋਂ

# ਵਿਵਾਦਜਨਕ ਪੁਸਤਕਾਂ

ਕਲਮ ਤਲਵਾਰ ਨਾਲੋਂ ਵੀ ਵੱਧ ਮਾਰ ਕਰਦੀ ਹੈ। ਇਹ ਗੱਲ ਸ਼ਬਦ ਗੁਰੂ ਵਿੱਚ ਵਿਸ਼ਵਾਸ਼ ਰੱਖਣ ਵਾਲੇ ਅਤੇ ਕਲਗੀਧਰ ਪਿਤਾ ਦੇ ਜ਼ਫ਼ਰਨਾਮੇ ਦੇ ਜ਼ਹੂਰ ਅਤੇ ਜਲਾਲ ਦੇ ਪ੍ਰਤੱਖ ਅਸਰ ਨੂੰ ਦੇਖਣ ਵਾਲੇ ਸਿੱਖਾਂ ਨਾਲੋਂ ਵੱਧ ਕੌਣ ਮਹਿਸੂਸ ਕਰ ਸਕਦਾ ਹੈ। ਇਸ ਲਈ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਿਤਾ ਨੇ ਸੁੱਚੀਆਂ ਕਲਮਾਂ ਨੂੰ ਨਾ ਕੇਵਲ ਚੁੰਮਿਆ ਬਲਕਿ ਆਪਣੇ ਨਾਲ ਆਸੀਨ ਵੀ ਕੀਤਾ।

ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਨੰਦ ਲਾਲ ਜਿੱਥੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ ਬਣੇ ਉਥੇ ਭੱਟਾਂ ਨੂੰ ਤਾਂ ਆਪ ਨੇ ਦੀਨ ਦੁਨੀ ਦੋਨੋਂ ਥਾਵਾਂ ਵਿੱਚ ਸਰਵੋਤਮ ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਕੀਤਾ।

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥(ਪੰਨਾ 1106)***

ਜਿਵੇਂ ਰਾਗ ਵਿੱਚ ਸ਼ਬਦ ਪਾ ਕੇ ਗਾਉਣ ਨਾਲ ਇਹ ਇਲਾਹੀ ਮਿਲਾਪ ਦਾ ਸਾਧਨ ਹੋ ਨਿਬੜਦਾ ਹੈ ਪਰ ਇਸਦਾ ਵਿਕ੍ਰਿਤ ਰੂਪ 'ਰਾਗ ਰੰਗ' ਤੋਂ ਤਬਾਹੀ ਵੱਲ ਅਗ੍ਰਸਰ ਕਰਦਾ ਹੈ ਉਸੇ ਤਰ੍ਹਾਂ ਸ਼ਰਧਾ, ਵਿਸ਼ਵਾਸ਼, ਭਰੋਸਾ ਪੈਦਾ ਕਰਨ ਵਾਲੀ ਕਲਮ ਮੁਬਾਰਕ ਹੈ ਅਤੇ ਗੁਰੂ ਘਰ ਵਿੱਚ ਸਲਾਹੀ ਵੀ ਗਈ ਹੈ।

***ਧੰਨ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥(ਪੰਨਾ 1291)***

ਪਰ ਇਸਦੇ ਉਲਟ ਅਸ਼ਰਧਾ, ਅਵਿਸ਼ਵਾਸ਼ ਅਤੇ ਸਿਦਕ ਭਰੋਸੇ ਤੇ ਕੁਠਾਰਾਘਾਤ ਕਰਨ ਬਾਰੇ ਚੇਤਾਵਨੀ ਹੈ

***ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥***
***ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥(ਪੰਨਾ 84)***

ਗੁਰੂ ਕਾਲ ਦੇ ਰਾਜਨੀਤਿਕ ਅਤੇ ਸਮਾਜਿਕ ਵਾਤਾਵਰਣ ਵਿੱਚ 'ਹਿੰਦੂ ਸਮਾਜ' ਕੋਲ ਦੋ ਸ਼ਕਤੀਆਂ ਪ੍ਰਮੁੱਖ ਸਨ, ਪਹਿਲੀ ਸ਼ਾਸਤ੍ਰਾਰਥ ਦੀ ਅਤੇ ਦੂਸਰੀ ਸਮਝੌਤਾਵਾਦ ਦੀ। ਧਰਮ ਸ਼ਾਸਤ੍ਰਾਰਥ ਜਾਂ ਵਾਦ ਵਿਵਾਦ ਦਾ ਵਿਸ਼ਾ ਨਹੀਂ ਹੋ ਸਕਦਾ। ਚਰਪਟ ਨਾਥ ਜੋਗੀ ਨੇ ਜਦੋਂ ਗੁਰੂ ਨਾਨਕ ਸਾਹਿਬ ਨਾਲ ਹੁਜੱਤ ਕਰਦਿਆਂ ਸੰਸਾਰ ਸਾਗਰ ਤੋਂ ਪਾਰ ਉਤਾਰੇ ਦਾ ਸਾਧਨ ਪੁੱਛਿਆ ਤਾਂ ਹਜ਼ੂਰ ਨੇ ਸ਼ਬਦੀ ਉਲਝਣ ਵਿੱਚ ਫਸਣ ਨਾਲੋਂ ਸਪੱਸ਼ਟ ਫੁਰਮਾਇਆ,

***ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥***
***ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥(ਪੰਨਾ 938)***

ਗੁਰੂ ਸਾਹਿਬ ਨੇ ਕੋਈ ਵੀ ਸ਼ਾਸਤ੍ਰਾਰਥ ਨਹੀਂ ਕੀਤਾ ਬਲਕਿ ਚੋਜ, ਕੌਤਕ ਕੀਤੇ।

ਉਨੀਵੀਂ ਸਦੀ ਦੇ ਆਖੀਰ ਵਿੱਚ ਪੰਜਾਬ ਵਿੱਚ ਆਰਿਆ ਸਮਾਜ ਬਾਨੀ ਦਯਾ ਨੰਦ ਦਾ ਆਗਮਨ ਹੋਇਆ। ਇਸ ਨੇ ਆਪਣੀਆਂ ਹੁੱਜਤ ਭਰਪੂਰ ਦਲੀਲਾਂ ਅਤੇ ਲਿਖਤਾਂ ਨੂੰ ਆਪਣੇ ਪ੍ਰਚਾਰ ਦਾ ਸਾਧਨ ਬਣਾਇਆ। ਇਹ ਸਾਧਨ ਕੁਝ ਰੋਚਕਤਾ ਤਾਂ ਪੈਦਾ ਕਰ ਸਕਿਆ ਪਰ ਇਸਨੇ ਸਮਾਜ ਵਿੱਚ ਤ੍ਰੇੜਾਂ ਅਤੇ ਬਿਖਮਤਾ ਪੈਦਾ ਕੀਤੀ।

ਬਾਅਦ ਵਿੱਚ ਕੁਝ ਸਿੱਖ ਲਿਖਾਰੀਆਂ ਨੇ ਵੀ ਇਹੀ ਸਾਧਨ ਅਪਣਾਉਂਦਿਆਂ ਗੁਰਮਤਿ ਤੇ ਗੁਰਬਾਣੀ ਅਤੇ ਗੁਰੂ ਸਾਹਿਬ 'ਤੇ ਹੀ ਉਟੰਕਣ ਸ਼ੁਰੂ ਕਰ ਦਿੱਤੇ। ਇਸ ਲੜੀ ਵਿੱਚ ਭਸੌੜੀਏ, ਭਾਗ ਸਿੰਘ ਮਿਸ਼ਨਰੀ ਅਤੇ ਕਾਲਾ ਅਫ਼ਗਾਨੀਏ ਚਰਚਿਤ ਰਹੇ। ਗੁਰੂ ਪੰਥ ਨੇ ਆਪਣੇ ਅਧਿਕਾਰ ਨੂੰ ਵਰਤਦਿਆਂ ਅਕਾਲ ਤਖ਼ਤ ਸਾਹਿਬ ਨੇ ਇਸ ਰੁਝਾਨ ਨੂੰ ਕਾਰਗਰ ਢੰਗ ਨਾਲ ਠੱਲ੍ਹ ਪਾਈ।

ਇਸਦੇ ਮੁਕਾਬਲੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਮਾਸਟਰ ਤਾਰਾ ਸਿੰਘ, ਭਾਈ ਕਾਨ੍ਹ ਸਿੰਘ, ਗਿ. ਦਿੱਤ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਸੁਚੱਜੀ ਸੇਧ ਬਖ਼ਸ਼ੀ।

ਸੋ ਲੋੜ ਇਸ ਗੱਲ ਦੀ ਹੈ ਕਿ ਇਸ ਪੰਥ ਘਾਤਕ ਬਿਰਤੀ ਨੂੰ ਸਖ਼ਤੀ ਨਾਲ ਰੋਕਿਆ ਜਾਏ। ਨਹੀਂ ਤਾਂ ਇਹ ਰੁਝਾਨ ਨਾ ਕੇਵਲ ਪੰਥ ਵਿੱਚ ਬਿਖਮਤਾ ਪੈਦਾ ਕਰੇਗਾ ਬਲਕਿ ਨਵੀਂ ਪਨੀਰੀ ਜੋ ਪਹਿਲਾਂ ਹੀ ਦੁਬਿਧਾ ਵਿੱਚ ਵਿਚਰ ਰਹੀ ਹੈ, ਉਸ ਨੂੰ ਧਰਮ ਤੋਂ ਹੋਰ ਦੂਰ ਲੈ ਜਾਏਗਾ।

## ਮੁੰਦਾਵਣੀ

*ਸਿੱਖ ਦੀ ਜੀਵਨ ਜਾਚ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਦੋ ਸੀਮਾ ਸਤੰਭਾਂ ਦੇ ਵਿਚਕਾਰ ਸੀਮਿਤ ਹੈ। ਸਾਂਝੀ ਸੋਚ ਨਿੱਜੀ ਨਾਲੋਂ ਉੱਤਮ ਹੁੰਦੀ ਹੈ। ਇਸ ਮੁਤਾਬਿਕ 'ਗੁਰੂ ਗ੍ਰੰਥ' ਦੀ ਹਜ਼ੂਰੀ, ਹਾਜ਼ਰੀ ਅਤੇ ਆਦਰਸ਼ਾਂ ਦੇ ਤਹਿਤ 'ਗੁਰੂ ਪੰਥ' ਮਰਯਾਦਾ ਨੀਅਤ ਕਰਨ ਦਾ ਅਧਿਕਾਰੀ ਹੈ। ਮਰਿਯਾਦਾ ਲਫ਼ਜ਼, ਸੰਗਯਾ 'ਮਰਯਾ' ਤੋਂ ਬਣਿਆ ਹੈ, ਜਿਸਦੇ ਲਫ਼ਜ਼ੀ ਅਰਥ ਹਨ-ਨਦੀ ਦੇ ਦੋ ਕਿਨਾਰੇ। ਜੇ ਤਾਂ ਨਦੀ ਦਾ ਵਹਾਅ ਉਸਦੇ ਕਿਨਾਰਿਆਂ, ਮਰਯਾ ਦੇ ਵਿੱਚ ਸੀਮਿਤ ਹੈ ਤਾਂ ਇਹ ਮਰਿਆਦਾ ਹੈ, ਗੁਣਕਾਰੀ ਹੈ, ਲਾਭਕਾਰੀ ਹੈ ਪਰ ਜੇਕਰ ਇਹ ਕਿਨਾਰੇ ਤੋੜ ਦਏ ਤਾਂ ਇਹ ਹੜ੍ਹ ਅਤੇ ਤਬਾਹੀ ਹੋ ਨਿਬੜਦੀ ਹੈ।*

*ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਪਰਿਭਾਸ਼ਾ ਹੈ, 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ਼, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।'*

*ਇਸ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬ ਦੀ ਬਾਣੀ ਤੇ ਨਿਸ਼ਚਾ ਮੁੱਢਲੀ ਸ਼ਰਤ ਹੈ। ਸਿੱਖ ਰਹਿਤ ਮਰਯਾਦਾ ਮੁਤਾਬਿਕ 'ਗੁਰੂ ਗ੍ਰੰਥ ਸਾਹਿਬ' ਦੀ ਪਦਵੀ, ਬੀੜ ਦੀ ਨਿਰੋਲਤਾ ਆਦਿ ਮੁੱਢਲੇ ਮਸਲਿਆਂ ਤੇ ਨਿਰਣਾ (ਗੁਰਮਤਾ) ਕੇਵਲ ਗੁਰੂ ਪੰਥ ਦਾ ਚੁਣਿਆ ਹੋਇਆ ਸ਼੍ਰੋਮਣੀ ਜੱਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।*

*ਇਸਦੇ ਵਿਪਰੀਤ ਗੁਰਬਾਣੀ ਬਾਰੇ ਫ਼ਤਵੇ ਜਾਰੀ ਕਰਨੇ ਕਿ ਇਹ ਬਾਣੀ ਹੈ ਜਾਂ ਨਹੀਂ, ਮਰਯਾਦਾ ਦੀ ਸਰਾਸਰ ਉਲੰਘਣਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖ਼ੀਰ ਵਿੱਚ ਦਰਜ 'ਰਾਗ ਮਾਲਾ' ਬਾਬਤ ਪੰਥ ਵਿੱਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ, ਇਹ ਤਾਕੀਦ ਪੰਥਕ ਰਹਿਤ ਮਰਯਾਦਾ ਵਿੱਚ ਦਰਜ ਹੈ। ਇਸ ਪਿਛੋਕੜ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਜਾਂ ਅਖੰਡ ਪਾਠ ਸਾਹਿਬ ਦੀ ਸਮਾਪਤੀ ਚਲਦੀ ਸਥਾਨਕ ਰੀਤ ਮੁਤਾਬਿਕ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਤੇ ਪਾਉਣ ਦਾ ਆਦੇਸ਼ ਹੈ। ਇਕ ਆਮ ਭੁਲੇਖਾ ਹੈ, ਜਾਂ ਜਾਣ ਬੁੱਝ ਕੇ ਪਾਇਆ ਜਾ ਰਿਹਾ ਹੈ ਕਿ ਜਿਸਦਾ ਜੀ ਕਰਦਾ ਹੈ ਰਾਗ ਮਾਲਾ ਪੜ੍ਹੇ, ਨਹੀਂ ਕਰਦਾ ਨਾ ਪੜ੍ਹੇ। ਇਹ ਸਹੀ ਨਹੀਂ ਹੈ। ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਮੁਤਾਬਿਕ ਇਹ ਛੋਟ ਵਿਅਕਤੀ ਨੂੰ ਨਹੀਂ ਬਲਕਿ ਸਥਾਨ ਨੂੰ ਹੈ।*

*ਜੇਕਰ ਕਿਸੇ ਸਥਾਨ ਦੀ ਰੀਤ ਮੁਤਾਬਿਕ ਉਥੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ (ਹਕੀਕਤ ਵਿੱਚ ਕੋਈ ਵਿਰਲਾ ਸਥਾਨ ਹੀ ਹੋਵੇਗਾ) ਤਾਂ ਉਥੇ ਜ਼ਬਰਦਸਤੀ ਪੜ੍ਹਨੀ ਆਪ ਹੁਦਰਾਪਨ ਅਤੇ ਪੰਥ ਵਿੱਚ ਬਿਖਮਤਾ ਪੈਦਾ ਕਰਨ ਵਾਲਾ ਹੋਵੇਗਾ।*

*ਗਿ. ਗੁਰਦਿੱਤ ਸਿੰਘ ਟਕਸਾਲੀ ਵਿਦਵਾਨ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੀ ਰਹੇ ਹਨ। ਉਨ੍ਹਾਂ ਦੀਆਂ ਤਿਖੀਆਂ ਟਿੱਪਣੀਆਂ ਪ੍ਰਭਾਵਸ਼ਾਲੀ ਹੁੰਦੀਆਂ ਹਨ। ਪਿਛੇ ਜਿਹੇ ਇਕ ਸਮਾਗਮ ਵਿੱਚ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਧਰਮ ਪ੍ਰਚਾਰ ਕਮੇਟੀ ਕੀ ਕਰਦੀ ਹੈ ? ਉਨ੍ਹਾਂ ਨੇ ਹੱਸ ਕੇ ਕਿਹਾ, 'ਧਰਮ ਪ੍ਰਚਾਰ ਛੱਡ ਕੇ ਬਾਕੀ ਸਭ ਕੁਝ ਕਰਦੀ ਹੈ।'*

*ਪਰ ਰਾਗਮਾਲਾ ਦੇ ਮੁੱਦੇ ਤੇ ਉਨ੍ਹਾਂ ਨੇ 'ਮੁੰਦਾਵਣੀ' ਪੁਸਤਕ ਲਿਖ ਕੇ ਬੇਲੋੜੇ ਵਾਦ-ਵਿਵਾਦ ਨੂੰ ਜਨਮ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਗਿਆਨੀ ਜੀ ਵਰਗੀ ਸ਼ਖ਼ਸ਼ੀਅਤ ਵੀ ਹਵਾਲਿਆਂ ਦੀ ਤਸਦੀਕ ਅਤੇ ਪ੍ਰਮਾਣਿਕਤਾ ਬਾਰੇ ਥਿੜਕ ਗਏ। ਇਸ ਨਾਲ ਉਨ੍ਹਾਂ ਦੀ ਇਹ ਪੁਸਤਕ ਖੁਦ ਸ਼ੱਕ ਅਤੇ ਵਿਵਾਦਾਂ ਦੇ ਘੇਰੇ ਵਿੱਚ ਆ ਗਈ। ਇਸ ਵਿੱਚ ਇਕ ਰੋਚਕ ਮੋੜ ਤਦ ਆਇਆ ਜਦ ਨਾਸਤਿਕਤਾ ਦੇ ਜ਼ਾਹਿਰਾ ਪ੍ਰਚਾਰਕ ਅਤੇ ਕਾਲਾ ਅਫ਼ਗਾਨਾ ਦੇ ਸਮਰਥਕਾਂ ਨੇ ਇਸ ਦਾ ਫ਼ਾਇਦਾ ਉਠਾ ਕੇ ਆਪਣੇ ਏਜੰਡੇ ਨੂੰ ਅੱਗੇ ਤੋਰਨਾ ਚਾਹਿਆ। ਪਰ ਗਿਆਨੀ ਜੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਿੱਚ ਪੈਣ ਤੋਂ ਇਨਕਾਰ ਕਰਨ ਅਤੇ ਮਰਯਾਦਾ ਦੀ ਪਾਲਣਾ ਦੇ ਨਿਰਣੇ ਨੇ ਉਨ੍ਹਾਂ ਦੇ ਇਰਾਦਿਆਂ ਨੂੰ ਸਮਾਪਤ ਕਰ ਦਿੱਤਾ। ਤਸੱਲੀ ਦਾ ਵਿਸ਼ਾ ਹੈ ਕਿ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਲਗਾਈ ਤਨਖਾਹ ਪ੍ਰਵਾਨ ਕਰ ਲਈ ਹੈ।*

*ਹੁਣ ਲੋੜ ਹੈ ਗੁਰੂ ਗ੍ਰੰਥ ਸਾਹਿਬ ਦੀ ਨਿਰੋਲਤਾ ਦਾ ਸਤਿਕਾਰ ਕਰਦਿਆਂ ਇਸਦੇ ਪ੍ਰਚਾਰ-ਪ੍ਰਸਾਰ ਵੱਲ ਮੁਖਾਤਿਬ ਹੋਣ ਦੀ ਨਾ ਕਿ ਨਵੇਂ ਵਿਵਾਦਾਂ ਨੂੰ ਜਨਮ ਦੇਣ ਦੀ।*

## ਸ਼ਬਦ ਗੁਰੂ

*ਸਿੱਖ ਰਹਿਤ ਮਰਯਾਦਾ ਦੇ ਗੜ੍ਹ ਤਖ਼ਤ ਸਾਹਿਬ ਅਤੇ ਇਸਦੇ ਨਿਗਹਬਾਨ ਇਨ੍ਹਾਂ ਤਖ਼ਤਾਂ ਦੇ ਜੱਥੇਦਾਰ ਹਨ। ਜੇਕਰ ਕੋਈ ਸਧਾਰਨ ਮਨੁੱਖ ਬਿਜਲੀ ਦੀ ਤਾਰ ਨੂੰ ਹੱਥ ਪਾ ਲਵੇ ਤਾਂ ਬਿਜਲੀ ਨੇ ਉਸਦਾ ਲਿਹਾਜ਼ ਨਹੀਂ ਕਰਨਾ ਪਰ ਆਮ ਲੋਕ ਉਸ ਨੂੰ 'ਵਿਚਾਰਾ' ਕਹਿ ਕੇ ਉਸ ਨਾਲ ਹਮਦਰਦੀ ਹੀ ਕਰਨਗੇ। ਪਰ ਜੇ ਕੋਈ ਬਿਜਲੀ ਦਾ ਮਾਹਿਰ ਇੰਜੀਨੀਅਰ ਬਿਜਲੀ ਦੀ ਤਾਰ ਨੂੰ ਹੱਥ ਲਾਵੇ ਤਾਂ ਬਿਜਲੀ ਨੇ ਉਸਦਾ ਲਿਹਾਜ਼ ਨਹੀਂ ਕਰਨਾ ਤੇ ਉਸ ਨੂੰ ਵਿਚਾਰਾ ਵੀ ਨਹੀਂ ਕਹਿਣਾ।*

*ਇਸ ਲਈ ਉੱਚ ਪਦਵੀ ਤੇ ਆਸੀਨ ਵਿਅਕਤੀਆਂ ਲਈ ਤਾਂ ਲੋੜ ਤੋਂ ਵੱਧ ਚੇਤੰਨ ਅਤੇ ਸੁਚੇਤ ਹੋਣ ਦੀ ਲੋੜ ਹੈ। ਹੁਣ ਜੱਥੇਦਾਰ ਇਕਬਾਲ ਸਿੰਘ ਦੀ ਇਕ ਨਵੀਂ ਪੁਸਤਕ ਪ੍ਰਾਪਤ ਹੋਈ ਹੈ 'ਸ਼ਬਦ ਗੁਰੂ'। ਇਸ ਵਿੱਚ ਆਪ ਨੇ ਬੜੇ ਹੀ ਅਜੀਬ ਵਿਚਾਰ ਦਿੱਤੇ ਹਨ ਜੋ ਕਿਸੇ ਵੀ ਤਰ੍ਹਾਂ ਪੰਥਕ ਤਾਂ ਨਹੀਂ ਕਹੇ ਜਾ ਸਕਦੇ ਬਲਕਿ ਪੰਥ ਵਿੱਚ ਬਿਖਮਤਾ ਅਤੇ ਭੰਬਲ-ਭੂਸਾ ਜ਼ਰੂਰ ਪਾਉਣ ਦਾ ਕਾਰਨ ਬਣਨਗੇ।*

*ਪੰਥਕ ਪ੍ਰੰਪਰਾਵਾਂ, ਮਾਨਤਾਵਾਂ, ਇਤਿਹਾਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ, ਇਸਦੇ ਅਧਿਕਾਰ ਅਤੇ ਪੰਥ ਲਈ ਦਿਸ਼ਾ ਨਿਰਦੇਸ਼ ਜਾਰੀ ਕਰਨ ਬਾਰੇ ਨਿਰਵਿਵਾਦਤ ਅਤੇ ਸਪੱਸ਼ਟ ਰੂਪ ਵਿੱਚ ਮਾਪ ਦੰਡ ਤੈਅ ਕਰ ਦਿੱਤੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ, ਆਦੇਸ਼, ਸੰਦੇਸ਼, ਪੰਥਕ ਆਸ਼ਾਵਾਂ ਦੀ ਤਰਜ਼ਮਾਨੀ ਕਰਦੇ ਹਨ। ਇਨ੍ਹਾਂ ਵਿੱਚ ਕੋਈ ਊਣਤਾਈ ਜਾਂ ਭੁੱਲ ਨਜ਼ਰ ਆਉਂਦੀ ਹੈ ਤਾਂ ਉਹ ਇਸਦੇ ਨਿਗਰਾਨ ਜੱਥੇਦਾਰਾਂ ਦੀ ਨਿੱਜੀ ਹੋ ਸਕਦੀ ਹੈ, ਇਸ ਸੰਸਥਾ ਦੀ ਨਹੀਂ।*

*ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸੇ ਰੁਤਬੇ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸੰਵਿਧਾਨ ਵਿੱਚ ਵੀ ਅੰਕਿਤ ਕੀਤਾ ਗਿਆ ਹੈ ਕਿ ਕਿਸੇ ਵੀ ਧਾਰਮਿਕ ਮਸਲੇ ਬਾਰੇ ਅੰਤਿਮ ਨਿਰਣਾ ਕਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੈ।*

*ਪਰ ਜੱਥੇਦਾਰ ਇਕਬਾਲ ਸਿੰਘ ਨੇ ਇਸ ਸਭ ਨੂੰ ਦਰ ਕਿਨਾਰ ਕਰਦਿਆਂ ਅਤੇ ਆਪਣੇ ਅਧਿਕਾਰ ਖੇਤਰ ਨੂੰ ਉਲੰਘਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਹੀ ਜਵਾਬ ਤਲਬੀ ਕੀਤੀ ਤੇ ਆਪਣੀ ਪੁਸਤਕ ਸ਼ਬਦ ਗੁਰੂ ਵਿੱਚ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਦੇ ਵਿਰੁੱਧ ਅਣਲੋੜੀਂਦੀਆਂ ਟਿੱਪਣੀਆਂ ਕੀਤੀਆਂ।*

*ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵੁੱਚਤਾ ਨੂੰ ਸਿਰ ਝੁਕਾਉਣਾ ਅਵੱਗਿਆ, ਪਾਪ-ਨਿਰਾਦਰ ਨਹੀਂ ਬਲਕਿ ਇਸਦੇ ਉਲਟ ਕਿਸੇ ਵੀ ਤਖ਼ਤ ਸਾਹਿਬ ਦੇ ਵਿਰੁੱਧ ਲਿਖਣਾ ਅਵੱਗਿਆ ਹੈ।*